# Video Conference of Leaders of SAARC Countries

March 16, 2020

## ਸਾਰਕ ਦੇਸ਼ਾਂ ਦੇ ਆਗੂਆਂ ਦੀ ਵੀਡੀਓ ਕਾਨਫਰੰਸ

16 ਮਾਰਚ, 2020

1. ਕੋਵਿਡ -19 ਦੇ ਲਗਾਤਾਰ ਫੈਲਣ ਦੇ ਮੱਦੇਨਜ਼ਰ, ਜਿਸ ਨੂੰ ਹੁਣ ਵਿਸ਼ਵ ਸਿਹਤ ਸੰਗਠਨ (WHO) ਦੁਆਰਾ ਮਹਾਂਮਾਰੀ ਐਲਾਨਿਆ ਗਿਆ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਦੱਖਣੀ ਏਸ਼ੀਅਨ ਖੇਤਰੀ ਸਹਿਕਾਰਤਾ ਸੰਘ (ਸਾਰਕ) ਦੇ ਆਗੂਆਂ ਨੇ ਐਤਵਾਰ, 15 ਮਾਰਚ, 2020 ਨੂੰ ਇੱਕ ਵੀਡੀਓ ਕਾਨਫਰੰਸ ਬੁਲਾਈ।

2. ਇਸ ਮੀਟਿੰਗ ਨਾਲ ਆਗੂਆਂ ਨੂੰ ਇਸ ਮਹਾਂਮਾਰੀ ਦੀ ਮੌਜੂਦਾ ਹਾਲਤ ਦੇ ਮੁਲਾਂਕਣ ਸਾਂਝੇ ਕਰਨ, ਸਰਬੋਤਮ ਪ੍ਰਥਾਵਾਂ 'ਤੇ ਵਿਚਾਰ ਕਰਨ ਅਤੇ ਹਰ ਦੇਸ਼ ਲਈ ਭਾਗੀਦਾਰੀ ਵਾਲੇ ਉਪਾਵਾਂ ਅਤੇ ਦ੍ਰਿਸ਼ਟੀਕੋਣਾਂ ਦੀ ਸ਼ਿਨਾਖਤ ਕਰਨ ਵਿਚ ਮਦਦ ਮਿਲੀ, ਤਾਂ ਜੋ ਇਸ ਬਿਮਾਰੀ ਦੇ ਫੈਲਾਅ ਨੂੰ ਘਟਾਇਆ ਅਤੇ ਰਾਹਤ ਪਹੁੰਚਾਈ ਜਾ ਸਕੇ ਅਤੇ ਨਾਲ ਹੀ ਲੋਕਾਂ ਅੰਦਰ ਘਬਰਾਹਟ ਨਾ ਪੈਦਾ ਹੋਣ ਦਿੱਤੀ ਜਾਵੇ ਅਤੇ ਸੰਭਾਵਤ ਆਰਥਿਕ ਅਸਰਾਂ ਨੂੰ ਘਟਾਇਆ ਜਾ ਸਕੇ. ਇਸ ਵੀਡਿਓ ਕਾਨਫਰੰਸ ਵਿਚ ਭਾਰਤੀ ਪ੍ਰਧਾਨ ਮੰਤਰੀ ਤੋਂ ਛੁੱਟ ਅਫਗਾਨਿਸਤਾਨ, ਮਾਲਦੀਵ ਅਤੇ ਸ੍ਰੀ ਲੰਕਾ ਦੇ ਮਹਾਮਹਿਮ ਰਾਸ਼ਟਰਪਤੀ; ਬੰਗਲਾਦੇਸ਼, ਨੇਪਾਲ ਅਤੇ ਭੂਟਾਨ ਦੇ ਪ੍ਰਧਾਨ ਮੰਤਰੀ, ਪਾਕਿਸਤਾਨ ਦੇ ਸਿਹਤ ਰਾਜ ਮੰਤਰੀ ਅਤੇ ਸਾਰਕ ਦੇ ਸੱਕਤਰ ਸ਼ਾਮਲ ਸਨ.

3. ਇਨ੍ਹਾਂ ਆਗੂਆਂ ਨੇ ਇਸ ਸਾਂਝੀ ਚੁਣੌਤੀ ਦਾ ਮੁਕਾਬਲਾ ਕਰਨ ਵਿਚ ਇਸ ਪਹਿਲ ਦੀ ਸ਼ਲਾਘਾ ਕੀਤੀ, ਜਿਸਨੇ ਖੇਤਰੀ ਸਹਿਯੋਗ ਦੇ ਮਹੱਤਵ ਨੂੰ ਸਤਿਕਾਰ ਦਿੱਤਾ ਹੈ. ਜਿਵੇਂ ਕਿ ਪ੍ਰਧਾਨ ਮੰਤਰੀ ਮੋਦੀ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਸਾਰਕ ਖੇਤਰ ਸਰਹੱਦ ਪਾਰ ਦੀਆਂ ਗੁੰਝਲਦਾਰ ਚੁਣੌਤੀਆਂ ਦਾ ਹੱਲ ਕੱਢਣ ਦੇ ਮਾਮਲੇ 'ਚ ਖੇਤਰੀ ਤਾਲਮੇਲ ਦੇ ਸੰਦਰਭ ਵਿਚ ਪੂਰੀ ਦੁਨੀਆਂ ਵਾਸਤੇ ਮਿਸਾਲ ਬਣ ਸਕਦਾ ਹੈ। ਉਨ੍ਹਾਂ ਨੇ ਇਸ ਪ੍ਰਸੰਗ ਵਿਚ ਭਾਰਤ ਵੱਲੋਂ ਸ਼ੁਰੂਆਤੀ ਤੌਰ 'ਤੇ 1 ਕਰੋੜ ਡਾਲਰ ਦੇ ਯੋਗਦਾਨ ਨਾਲ ਕੋਵਿਡ -19 ਲਈ ਸਾਰਕ ਐਮਰਜੈਂਸੀ ਪ੍ਰਤਿਕਿਰਿਆ ਫੰਡ ਸਥਾਪਤ ਕਰਨ ਦਾ ਸੁਝਾਅ ਦਿੱਤਾ। ਭਾਰਤ ਨੇ ਇਸ ਮਹਾਂਮਾਰੀ ਦੇ ਅਸਰਾਂ ਦੇ ਮੁਲਾਂਕਣ ਲਈ ਸਾਰਕ ਖੇਤਰ ਦੇ ਮੈਡੀਕਲ ਪੇਸ਼ੇਵਰਾਂ ਅਤੇ ਵਪਾਰਕ ਅਤੇ ਆਰਥਿਕ ਅਧਿਕਾਰੀਆਂ ਵਿਚਾਲੇ ਵਿਚਾਰ ਵਟਾਂਦਰੇ ਦਾ ਸੁਝਾਅ ਵੀ ਦਿੱਤਾ। ਭਾਰਤ ਨੇ ਮੈਡੀਕਲ ਅਤੇ ਹੋਰ ਪੇਸ਼ੇਵਰਾਂ ਦੀਆਂ ਆਪਣੀਆਂ ਖਾਸ ਤੌਰ 'ਤੇ ਬਣਾਈਆਂ ਗਈਆਂ ਰੈਪਿਡ ਰਿਸਪਾਂਸ ਟੀਮਾਂ ਅਤੇ ਟੈਸਟਿੰਗ ਉਪਕਰਣ ਕਿਸੇ ਵੀ ਸਾਰਕ ਭਾਈਵਾਲ ਦੇਸ਼ ਵਿਚ ਤੈਨਾਤ ਕਰਨ ਦੀ ਪੇਸ਼ਕਸ਼ ਕੀਤੀ. ਸਮਰੱਥਾਵਾਂ ਵਧਾਉਣ ਲਈ ਆਨਲਾਈਨ ਸਿਖਲਾਈ ਪ੍ਰਣਾਲੀਆਂ, ਸਾਰਕ ਆਪਦਾ ਪ੍ਰਬੰਧਨ ਕੇਂਦਰ ਵਿੱਚ ਕੋਵਿਡ -19 ਨਾਲ ਨਜਿੱਠਣ ਦੀਆਂ ਸਰਬੋਤਮ ਪ੍ਰਥਾਵਾਂ ਦੇ ਭੰਡਾਰ ਦੀ ਸਥਾਪਨਾ ਕਰਨ ਅਤੇ ਹਰੇਕ ਸਾਰਕ ਭਾਸ਼ਾ ਵਿੱਚ ਜਾਣਕਾਰੀ ਦੇਣ ਵਾਲੀ ਇੱਕ ਵੈਬਸਾਈਟ ਬਣਾਉਣ ਵਿਚ ਮਦਦ ਦੀ ਪੇਸ਼ਕਸ਼ ਵੀ ਕੀਤੀ ਗਈ. ਭਾਰਤ ਨੇ ਬਿਮਾਰੀ ਦੀ ਨਿਗਰਾਨੀ ਲਈ ਏਕੀਕ੍ਰਿਤ ਸਿਹਤ ਜਾਣਕਾਰੀ ਦੇਣ ਲਈ ਆਪਣਾ ਸਾੱਫਟਵੇਅਰ ਸਾਂਝਾ ਕਰਨ ਦੀ ਪੇਸ਼ਕਸ਼ ਕੀਤੀ.

4. ਭਾਰਤ ਨੇ ਭਵਿੱਖ ਵਿਚ ਮਹਾਂਮਾਰੀਆਂ ਦੇ ਡਾਇਗਨੋਸਟਿਕਸ ਅਤੇ ਇਲਾਜ ਬਾਰੇ ਭਾਰਤੀ ਸਿਹਤ ਸੋਧ ਪਰਿਸ਼ਦ (ICMR) ਵੱਲੋਂ ਸਾਰਕ ਦੇਸ਼ ਦੇ ਪਲੇਟਫਾਰਮ ਨੂੰ ਵਿਚਾਰ ਸਾਂਝੇ ਕਰਨ ਲਈ ਮਦਦ ਦੇਣ ਦੀ ਪੇਸ਼ਕਸ਼ ਵੀ ਕੀਤੀ.

5. ਸਾਰਕ ਦੇਸ਼ਾਂ ਅਤੇ ਸਰਕਾਰਾਂ ਦੇ ਮੁਖੀਆਂ ਨੇ ਇਨ੍ਹਾਂ ਵਿਚਾਰਾਂ ਦਾ ਸਵਾਗਤ ਕੀਤਾ ਅਤੇ ਕੋਵਿਡ -19 ਮਹਾਂਮਾਰੀ ਖਿਕਾਫ਼ ਮਿਲਜੁਲ ਕੰਮ ਕਰਨਾ ਜਾਰੀ ਰੱਖਣ ਦੇ ਮਹੱਤਵ ਨੂੰ ਦੁਹਰਾਇਆ।

ਨਵੀਂ ਦਿੱਲੀ
16 ਮਾਰਚ, 2020

DISCLAIMER : This is an approximate translation. The original is available in English on MEA’s website and may be referred to as the official press release.